NHS
England
South East

# ਲੇਬਰ ਇੰਡਕਸ਼ਨ ਅਤੇ ਟ੍ਰਾਂਸਫਰ

## ਗਰਭਵਤੀ ਔਰਤਾਂ/ਲੋਕਾਂ ਲਈ ਜਾਣਕਾਰੀ



Punjabi

ਵਿਅਸਤ ਸਮਿਆਂ ਦੌਰਾਨ ਵੀ ਤੁਹਾਡੀ ਦੇਖਭਾਲ ਅਤੇ ਜੋ ਚੀਜ਼ਾਂ ਤੁਹਾਡੇ ਲਈ ਮਾਇਨੇ ਰੱਖਦੀਆਂ ਹਨ, ਉਹ ਸਾਡੇ ਲਈ ਬਹੁਤ ਮਹੱਤਵਪੂਰਨ ਹੁੰਦੀਆਂ ਹਨ, ਅਸੀਂ ਤੁਹਾਡੇ ਨਾਲ ਹਰੇਕ ਚੀਜ਼ ਬਾਰੇ ਗੱਲ ਕਰਾਂਗੇ ਅਤੇ ਤੁਸੀਂ ਕੋਈ ਵੀ ਸਵਾਲ ਪੁੱਛ ਸਕਦੇ ਹੋ।

# ਲੇਬਰ ਇੰਡਕਸ਼ਨ ਵਿੱਚ ਦੇਰੀਆਂ

ਕਈ ਵਾਰ ਪ੍ਰਸੂਤੀ ਇਕਾਈਆਂ (ਮੈਟਰਨਿਟੀ ਯੂਨਿਟ) ਸਧਾਰਨ ਨਾਲੋਂ ਬਹੁਤ ਵਿਅਸਤ ਹੁੰਦੀਆਂ ਹਨ, ਖ਼ਾਸ ਤੌਰ ‘ਤੇ ਉਦੋਂ ਜਦੋਂ ਬਹੁਤ ਸਾਰੇ ਬੱਚੇ ਇੱਕੋ ਸਮੇਂ ਆਉਣਾ ਚਾਹੁੰਦੇ ਹਨ। ਜਦੋਂ ਅਜਿਹਾ ਹੁੰਦਾ ਹੈ, ਤਾਂ ਸਾਨੂੰ ਸਟਾਫ ਵਿੱਚ ਬਦਲਾਅ ਕਰਨੇ ਪੈ ਸਕਦੇ ਹਨ ਅਤੇ ਅਤਿ-ਜ਼ਰੂਰੀ ਦੇਖਭਾਲ ਨੂੰ ਤਰਜੀਹ ਦੇਣੀ ਪੈ ਸਕਦੀ ਹੈ। ਸਾਰੇ ਇੰਡਕਸ਼ਨ ਜ਼ਰੂਰੀ ਹਨ ਪਰ ਕਈ ਵਾਰ ਸਾਨੂੰ ਇੰਡਕਸ਼ਨ ਵਿੱਚ ਦੇਰੀ ਕਰਨ ਜਾਂ ਅਜਿਹੇ ਕਿਸੇ ਹੋਰ ਹਸਪਤਾਲ ਵਿੱਚ ਟ੍ਰਾਂਸਫਰ ਕਰਨ ਦੀ ਪੇਸ਼ਕਸ਼ ਕਰਨ ਦੀ ਲੋੜ ਪੈ ਸਕਦੀ ਹੈ ਜਿੱਥੇ ਜਲਦੀ ਦੇਖਭਾਲ ਪ੍ਰਦਾਨ ਕੀਤੀ ਜਾ ਸਕਦੀ ਹੈ। ਇਹ ਸਿਰਫ਼ ਅਪਵਾਦ ਵਾਲੀਆਂ ਸਥਿਤੀਆਂ ਵਿੱਚ ਹੁੰਦਾ ਹੈ।

ਇਹ ਖ਼ਬਰ ਨਿਰਾਸ਼ਾਜਨਕ ਹੋ ਸਕਦੀ ਹੈ, ਖ਼ਾਸ ਤੌਰ ‘ਤੇ ਜਦੋਂ ਤੁਸੀਂ ਬੱਚੇ ਦੀ ਦੇਖਭਾਲ, ਪਰਿਵਾਰ ਦੇ ਦੌਰਿਆਂ ਅਤੇ ਨਿਸ਼ਚਿਤ ਤੌਰ ‘ਤੇ ਆਪਣੇ ਬੱਚੇ ਨੂੰ ਮਿਲਣ ਵਰਗੀਆਂ ਚੀਜ਼ਾਂ ਦੀ ਯੋਜਨਾ ਬਣਾ ਰੱਖੀ ਹੈ। ਤੁਹਾਨੂੰ ਇਸ ਗੱਲ ਦੀ ਵੀ ਚਿੰਤਾ ਹੋ ਸਕਦੀ ਹੈ ਕਿ ਤੁਹਾਡੇ ਅਤੇ ਤੁਹਾਡੇ ਬੱਚੇ ਲਈ ਉਡੀਕ ਕਰਨਾ ਕਿੰਨਾ ਸੁਰੱਖਿਅਤ ਹੈ।

- ਜੇਕਰ ਕੋਈ ਚੀਜ਼ ਤੁਹਾਡੇ ਲਈ ਬਹੁਤ ਮੁਸ਼ਕਲ ਜਾਂ ਅਸਲ ਵਿੱਚ ਮਾਇਨੇ ਰੱਖਦੀ ਹੈ, ਤਾਂ ਕਿਰਪਾ ਕਰਕੇ ਸਾਡੇ ਨਾਲ ਇਸ ਬਾਰੇ ਗੱਲਬਾਤ ਕਰੋ, ਹੋ ਸਕਦਾ ਹੈ ਕਿ ਅਸੀਂ ਇਸ ਨਾਲ ਬਹੁਤਾ ਫ਼ਰਕ ਨਾ ਪਾ ਸਕੀਏ, ਪਰ ਅਸੀਂ ਹਮੇਸ਼ਾ ਇਹ ਜਾਣਨਾ ਚਾਹਾਂਗੇ ਕਿ ਤੁਸੀਂ ਕਿਵੇਂ ਮਹਿਸੂਸ ਕਰ ਰਹੇ ਹੋ।
- ਲੇਬਰ ਦੇ ਇੰਡਕਸ਼ਨ ਨੂੰ ਸ਼ੁਰੂ ਕਰਨ ਜਾਂ ਜਾਰੀ ਰੱਖਣ ਵਿੱਚ ਦੇਰੀਆਂ ਸਿਰਫ਼ ਤਾਂ ਹੀ ਹੋਣਗੀਆਂ ਜੇਕਰ ਅਜਿਹਾ ਕਰਨਾ ਸੁਰੱਖਿਅਤ ਹੁੰਦਾ ਹੈ ਅਤੇ ਜਦੋਂ ਹਸਪਤਾਲ ਵਿੱਚ ਸਟਾਫ਼ ਨੇ ਯੋਜਨਾ ਦੇ ਅਨੁਸਾਰ ਜਾਰੀ ਰੱਖਣ ਦੀ ਹਰ ਸੰਭਵ ਕੋਸ਼ਿਸ਼ ਕਰ ਲਈ ਹੋਵੇ।

ਦੇਰੀ ਦੇ ਦੌਰਾਨ, ਇੱਕ ਮਿਡਵਾਈਫ (ਦਾਈ ਨਰਸ) ਤੁਹਾਡੇ ਬੱਚੇ ਦੀਆਂ ਹਰਕਤਾਂ ਬਾਰੇ ਤੁਹਾਡੇ ਨਾਲ ਗੱਲ ਕਰ ਸਕਦੀ ਹੈ ਅਤੇ ਇਹ ਦੇਖ ਸਕਦੀ ਹੈ ਕਿ ਤੁਹਾਨੂੰ ਕਿਵੇਂ ਮਹਿਸੂਸ ਹੋ ਰਿਹਾ ਹੈ। ਜੇਕਰ ਤੁਸੀਂ ਘਰ ਹੋ, ਤਾਂ ਤੁਸੀਂ ਜਾਂਚ ਕਰਵਾਉਣ ਲਈ ਹਸਪਤਾਲ ਆਉਣ ਲਈ ਪੁੱਛ ਸਕਦੇ ਹੋ। ਇਸ ਵਿੱਚ ਬੱਚੇ ਦੀ ਨਿਗਰਾਨੀ (CTG), ਸਕੈਨ ਜਾਂ ਹੋਰ ਜਾਂਚਾਂ ਸ਼ਾਮਲ ਹੋ ਸਕਦੀਆਂ ਹਨ। ਤੁਹਾਨੂੰ ਆਪਣੇ ਇੰਡਕਸ਼ਨ ਦੇ ਸ਼ੁਰੂ ਹੋਣ ਦੀ ਉਡੀਕ ਕਰਦੇ ਸਮੇਂ ਹਸਪਤਾਲ ਵਿੱਚ ਰੁਕਣ ਲਈ ਕਿਹਾ ਜਾ ਸਕਦਾ ਹੈ; ਇਸ ਬਾਰੇ ਤੁਹਾਡੇ ਨਾਲ ਚਰਚਾ ਕੀਤੀ ਜਾਵੇਗੀ।

**ਭਾਵੇਂ ਤੁਸੀਂ ਘਰ ਵਿੱਚ ਹੋ ਜਾਂ ਹਸਪਤਾਲ ਵਿੱਚ, ਜੇਕਰ ਤੁਸੀਂ ਚਿੰਤਤ ਹੋ ਜਾਂ ਤੁਹਾਨੂੰ ਇਨ੍ਹਾਂ ਵਿੱਚੋਂ ਕੋਈ ਵੀ ਲੱਛਣ ਹੈ, ਤਾਂ ਮੈਟਰਨਿਟੀ ਟ੍ਰਾਇਏਜ ਨੂੰ ਕਾਲ ਕਰੋ ਜਾਂ ਹਸਪਤਾਲ ਵਿੱਚ ਮਿਡਵਾਈਫ ਨਾਲ ਗੱਲ ਕਰੋ।**

**ਤੁਸੀਂ ਇਸ ਟੈਲੀਫ਼ੋਨ ਨੰਬਰ ‘ਤੇ ਕਾਲ ਕਰ ਸਕਦੇ ਹੋ** ______________________



ਯੋਨੀ ਵਿੱਚੋਂ ਖ਼ੂਨ ਵਗਣਾ



ਰਿਸਾਵ ਦਾ ਵਧਣਾ, ਖ਼ਾਸ ਤੌਰ
‘ਤੇ ਜੇਕਰ ਇਹ ਤਰਲ ਹੈ



ਪਾਣੀ ਰਿਸਣਾ



ਬੱਚੇ ਦੀਆਂ ਹਰਕਤਾਂ ਘਟਣਾ
ਜਾਂ ਬਦਲਣਾ



ਬਿਮਾਰ ਮਹਿਸੂਸ ਕਰਨਾ ਜਾਂ
ਬੁਖਾਰ ਹੋਣਾ



ਪੇਟ ਵਿੱਚ ਦਰਦ,
ਇਹ ਰੁਕ-ਰੁਕ ਕੇ ਵੀ ਹੋ
ਸਕਦਾ ਹੈ ਜਾਂ ਹਰ ਸਮੇਂ ਵੀ ਰਹਿ
ਸਕਦਾ ਹੈ



ਖੁਰਕ ਹੋਣਾ



ਤੁਹਾਡੇ ਹੱਥਾਂ, ਪੈਰਾਂ ਜਾਂ ਚਿਹਰੇ
‘ਤੇ ਸੋਜ ਆਉਣਾ



ਤੁਹਾਡੀ ਨਜ਼ਰ ਵਿੱਚ ਬਦਲਾਅ
ਹੋਣਾ ਜਾਂ ਸਿਰ ਦਰਦ

**ਹਮੇਸ਼ਾ ਦੀ ਤਰ੍ਹਾਂ, ਆਪਣੇ ਬੱਚੇ ਦੀਆਂ ਹਰਕਤਾਂ ਨੂੰ ਜਾਣਨਾ ਅਤੇ ਕੋਈ ਵੀ ਬਦਲਾਵਾਂ ‘ਤੇ ਗੌਰ ਕਰਨਾ ਜ਼ਰੂਰੀ ਹੈ**

# ਕਿਸੇ ਹੋਰ ਹਸਪਤਾਲ ਵਿੱਚ ਟ੍ਰਾਂਸਫਰ

ਕਈ ਵਾਰ ਤੁਹਾਨੂੰ ਆਪਣੇ ਬੱਚੇ ਨੂੰ ਜਨਮ ਦੇਣ ਲਈ ਕਿਸੇ ਹੋਰ ਹਸਪਤਾਲ ਵਿੱਚ ਜਾਣ ਦੇ ਵਿਕਲਪ ਦੀ ਵੀ ਪੇਸ਼ਕਸ਼ ਕੀਤੀ ਜਾ ਸਕਦੀ ਹੈ ਜੇਕਰ ਉਹ ਤੁਹਾਨੂੰ ਛੇਤੀ ਦੇਖਭਾਲ ਪ੍ਰਦਾਨ ਕਰ ਸਕਦੇ ਹਨ। ਜੇਕਰ ਇਹ ਵਿਕਲਪ ਹੁੰਦਾ ਹੈ ਤਾਂ ਇਸ ਬਾਰੇ ਤੁਹਾਡੇ ਨਾਲ ਚਰਚਾ ਕੀਤੀ ਜਾਵੇਗੀ। ਇਹ ਤੁਹਾਡੀ ਮਰਜ਼ੀ ਹੈ ਅਤੇ ਤੁਹਾਨੂੰ ਕਿਸੇ ਹੋਰ ਹਸਪਤਾਲ ਵਿੱਚ ਜਾਣ ਦੀ ਲੋੜ ਨਹੀਂ ਹੈ।

ਤੁਹਾਡੀਆਂ ਜਨਮ ਸੰਬੰਧੀ ਤਰਜੀਹਾਂ ਅਤੇ ਤੁਹਾਡੇ ਲਈ ਕੀ ਮਾਇਨੇ ਰੱਖਦਾ ਹੈ, ਇਹ ਸਾਡੇ ਲਈ ਮਹੱਤਵਪੂਰਨ ਹੈ। ਜੇਕਰ ਇਨ੍ਹਾਂ ਵਿੱਚੋਂ ਕਿਸੇ ਵੀ ਚੀਜ਼ ਕਰਕੇ ਤੁਹਾਡੀਆਂ ਜਨਮ ਸੰਬੰਧੀ ਤਰਜੀਹਾਂ 'ਤੇ ਅਸਰ ਪੈ ਸਕਦਾ ਹੈ, ਤਾਂ ਤੁਸੀਂ ਕੋਈ ਵੀ ਸਵਾਲ ਪੁੱਛਣ ਅਤੇ ਚਰਚਾ ਕਰਨ ਦੇ ਯੋਗ ਹੋਵੋਗੇ।

ਜੇਕਰ ਤੁਸੀਂ ਕਿਸੇ ਹੋਰ ਹਸਪਤਾਲ ਵਿੱਚ ਜਾਣ ਦਾ ਫ਼ੈਸਲਾ ਲੈਂਦੇ ਹੋ, ਤਾਂ ਤੁਹਾਡੀ ਦੇਖਭਾਲ ਕਰਨ ਵਾਲੀ ਟੀਮ ਇਹ ਯਕੀਨੀ ਬਣਾਏਗੀ ਕਿ ਤੁਸੀਂ ਜਿਸ ਹਸਪਤਾਲ ਵਿੱਚ ਜਾ ਰਹੇ ਹੋ ਉਸ ਕੋਲ ਤੁਹਾਡੀਆਂ ਜਨਮ ਸੰਬੰਧੀ ਤਰਜੀਹਾਂ ਅਤੇ ਵਿਅਕਤੀਗਤ ਦੇਖਭਾਲ ਯੋਜਨਾ (ਜੇਕਰ ਤੁਸੀਂ ਕੋਈ ਬਣਾਈ ਹੈ) ਸਮੇਤ ਸਾਰੀ ਮਹੱਤਵਪੂਰਨ ਜਾਣਕਾਰੀ ਹੋਵੇ। ਤੁਹਾਡੇ ਬੱਚੇ ਦਾ ਜਨਮ ਹੋ ਜਾਣ ਤੋਂ ਬਾਅਦ ਉਹ ਤੁਹਾਡੇ ਮੂਲ ਹਸਪਤਾਲ ਨਾਲ ਸੰਪਰਕ ਕਰਕੇ ਤੁਹਾਡੇ ਘਰ ਆਉਣ 'ਤੇ ਤੁਹਾਡੀ ਦੇਖਭਾਲ ਦੀ ਯੋਜਨਾ ਬਣਾਉਣਗੇ।



**southeastclinicalnetworks.nhs.uk/induction-of-labour**

South East Maternity and Neonatal Team

CS57215 NHS Creative 2024